City of Mississauga
300 City Centre Drive
Mississauga, ON L5B 3C1

MISSISSAUGA

# News Release

mississauga.ca facebook.com/citymississauga x.com/citymississauga

## ਤੁਹਾਡਾ ਪਹਿਲਾ ਮਿਊਨਿਸਿਪਲ ਵੋਟ: ਚੋਣਾਂ ਵਾਲੇ ਦਿਨ, 26 ਅਕਤੂਬਰ ਨੂੰ ਕੀ ਉਮੀਦ ਰੱਖਣੀ ਹੈ

ਪਹਿਲੀ ਵਾਰ ਵੋਟ ਪਾਉਣਾ ਇੱਕ ਵੱਡਾ ਕਦਮ ਮਹਿਸੂਸ ਹੋ ਸਕਦਾ ਹੈ। ਜਾਣੋ ਕਿ ਜਦੋਂ ਤੁਸੀਂ ਆਪਣੇ ਵੋਟਿੰਗ ਸਥਾਨ 'ਤੇ ਪਹੁੰਚਦੇ ਹੋ, ਉਸ ਪਲ ਤੋਂ ਲੈ ਕੇ ਜਦੋਂ ਤੁਸੀਂ ਆਪਣਾ ਬੈਲਟ ਪਾਉਂਦੇ ਹੋ, ਕੀ ਉਮੀਦ ਰੱਖਣੀ ਹੈ।

24 ਸਤੰਬਰ, 2026




ਪਹਿਲੀ ਵਾਰ ਵੋਟ ਪਾਉਣਾ ਬਹੁਤ ਸਾਰੇ ਲੋਕਾਂ ਲਈ ਇੱਕ ਰੋਮਾਂਚਕ ਉਪਲਬਧੀ ਹੁੰਦੀ ਹੈ। ਇਹ Mississauga ਵਿੱਚ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਦਾ ਵੀ ਇੱਕ ਮੌਕਾ ਹੈ। ਭਾਵੇਂ ਤੁਸੀਂ ਹਾਲ ਹੀ ਵਿੱਚ ਵੋਟ ਪਾਉਣ ਦੇ ਯੋਗ ਹੋਏ ਹੋ ਜਾਂ ਪਹਿਲੀ ਵਾਰ ਮਿਊਨਿਸਿਪਲ ਚੋਣਾਂ ਵਿੱਚ ਹਿੱਸਾ ਲੈ ਰਹੇ ਹੋ, ਤੁਹਾਡੇ ਮਨ ਵਿੱਚ ਇਹ ਜਾਣਨ ਲਈ ਸਵਾਲ ਹੋ ਸਕਦੇ ਹਨ ਕਿ ਕੀ ਉਮੀਦ ਕਰਨੀ ਹੈ। ਚੰਗੀ ਖ਼ਬਰ? ਤੁਸੀਂ ਇਕੱਲੇ ਨਹੀਂ ਹੋ। ਅਸਲ ਵਿੱਚ, ਆਪਣਾ ਵੋਟ ਪਾਉਣਾ ਤੁਹਾਡੀ ਸੋਚ ਨਾਲੋਂ ਵੱਧ ਸੌਖਾ ਹੈ।

## ਵੋਟ ਪਾਉਣ ਤੋਂ ਪਹਿਲਾਂ

ਤੁਹਾਡਾ ਪਹਿਲਾ ਵੋਟਿੰਗ ਦਾ ਤਜਰਬਾ ਵੋਟਿੰਗ ਸਥਾਨ 'ਤੇ ਪਹੁੰਚਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਆਪਣੇ ਵਾਰਡ ਵਿੱਚ (in your ward) ਚੋਣ ਲੜ ਰਹੇ ਉਮੀਦਵਾਰਾਂ ਬਾਰੇ ਜਾਣਨ (learn about the candidates) ਅਤੇ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਮੁੱਦਿਆਂ ਬਾਰੇ ਜਾਣਨ ਲਈ ਥੋੜ੍ਹਾ ਸਮਾਂ ਕੱਢੋ। ਹੋ ਸਕਦਾ ਹੈ ਕਿ ਤੁਸੀਂ ਟ੍ਰਾਂਜ਼ਿਟ, ਪਾਰਕਾਂ ਅਤੇ ਰੇਕ੍ਰੀਏਸ਼ਨ, ਰਿਹਾਇਸ਼ ਜਾਂ ਅਗਲੇ ਸਾਲਾਂ ਵਿੱਚ Mississauga ਦੇ ਵਿਕਾਸ ਬਾਰੇ ਦਿਲਚਸਪੀ ਰੱਖਦੇ ਹੋਵੋ। ਤੁਹਾਡੀਆਂ ਤਰਜੀਹਾਂ ਜੋ ਵੀ ਹੋਣ, ਚੋਣ ਵਾਲਾ ਦਿਨ (Election Day) ਆਪਣੀ ਗੱਲ ਰੱਖਣ ਦਾ ਤੁਹਾਡਾ ਮੌਕਾ ਹੈ।




ਜਾਣ ਤੋਂ ਪਹਿਲਾਂ, ਇਹ ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੈ ਕਿ ਵੋਟ ਕਿੱਥੇ ਪਾਉਣੀ ਹੈ (where to vote) ਅਤੇ ਤੁਹਾਡੇ ਕੋਲ ਸਵੀਕਾਰਯੋਗ ਪਛਾਣ ਪੱਤਰ (acceptable identification) ਹੈ। ਜੇਕਰ ਤੁਹਾਨੂੰ ਵੋਟਰ ਸੂਚਨਾ ਕਾਰਡ ਮਿਲਿਆ ਹੈ, ਤਾਂ ਇਸਨੂੰ ਆਪਣੇ ਨਾਲ ਲਿਆਓ। ਇਹ ਵੋਟ ਪਾਉਣ ਲਈ ਲੋੜੀਂਦਾ ਨਹੀਂ ਹੈ, ਪਰ ਇਹ ਪ੍ਰਕਿਰਿਆ ਨੂੰ ਤੇਜ਼ ਅਤੇ ਆਸਾਨ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਪਹਿਲਾਂ ਹੀ ਕੁਝ ਮਿੰਟਾਂ ਦੀ ਤਿਆਰੀ ਕਰਨ ਨਾਲ ਇਸ ਸਾਰੇ ਅਨੁਭਵ ਨੂੰ ਸੌਖਾ ਅਤੇ ਅਸਾਨ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ।

## ਵੋਟਿੰਗ ਸਥਾਨ 'ਤੇ ਪਹੁੰਚਣਾ

ਜਦੋਂ ਤੁਸੀਂ ਪਹੁੰਚੋਗੇ, ਤਾਂ ਤੁਸੀਂ ਸੰਭਾਵਤ ਤੌਰ 'ਤੇ ਹੋਰ ਵਸਨੀਕਾਂ ਨੂੰ ਵੀ ਉਹੀ ਕੰਮ ਕਰਦੇ ਦੇਖੋਗੇ, ਜੋ ਤੁਸੀਂ ਕਰ ਰਹੇ ਹੋ: ਲੋਕਲ ਲੋਕਤੰਤਰ ਵਿੱਚ ਹਿੱਸਾ ਲੈਣਾ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਕੋਈ ਚੀਜ਼ ਪੱਕਾ ਪਤਾ ਨਹੀਂ ਹੈ, ਤਾਂ ਚਿੰਤਾ ਨਾ ਕਰੋ। ਚੋਣਾਂ ਸਬੰਧੀ ਸਟਾਫ ਪੂਰੀ ਪ੍ਰਕਿਰਿਆ ਦੌਰਾਨ ਤੁਹਾਡੀ ਮਦਦ ਕਰਨ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਉੱਥੇ ਮੌਜੂਦ ਹੁੰਦਾ ਹੈ। ਆਪਣੀ ਜਾਣਕਾਰੀ ਦੀ ਪੁਸ਼ਟੀ ਕਰਨ ਤੋਂ ਬਾਅਦ, ਤੁਹਾਨੂੰ ਤੁਹਾਡਾ ਬੈਲਟ ਮਿਲੇਗਾ ਅਤੇ ਇਸ ਬਾਰੇ ਹਦਾਇਤਾਂ ਮਿਲਣਗੀਆਂ ਕਿ ਅੱਗੇ ਕੀ ਕਰਨਾ ਹੈ।

ਬਹੁਤ ਸਾਰੇ ਲੋਕ ਇਹ ਦੇਖ ਕੇ ਹੈਰਾਨ ਹੁੰਦੇ ਹਨ ਕਿ ਇਹ ਪ੍ਰਕਿਰਿਆ ਕਿੰਨੀ ਅਸਾਨ ਹੈ। ਚੈੱਕ-ਇਨ ਕਰਨ ਤੋਂ ਲੈ ਕੇ ਵੋਟ ਪਾਉਣ ਤੱਕ, ਵੋਟਿੰਗ ਵਿੱਚ ਅਕਸਰ ਸਿਰਫ ਕੁਝ ਮਿੰਟ ਹੀ ਲੱਗਦੇ ਹਨ।

## ਆਪਣੇ ਬੈਲਟ ‘ਤੇ ਨਿਸ਼ਾਨ ਲਗਾਉਣਾ

ਤੁਹਾਨੂੰ ਆਪਣਾ ਬੈਲਟ ਮਿਲਣ ਤੋਂ ਬਾਅਦ, ਤੁਸੀਂ ਆਪਣੀ ਪਸੰਦ ਦੇ ਉਮੀਦਵਾਰ ਨੂੰ ਚੁਣਨ ਲਈ ਵੋਟਿੰਗ ਬੂਥਾਂ ਵਿੱਚੋਂ ਇੱਕ ਵੱਲ ਜਾਓਗੇ।

ਇਹ ਉਹ ਪਲ ਹੈ, ਜਿਸਦੀ ਤੁਸੀਂ ਤਿਆਰੀ ਕਰ ਰਹੇ ਸੀ। ਜਦੋਂ ਤੁਸੀਂ ਇਹ ਸੋਚਦੇ ਹੋ ਕਿ ਕਿਸਨੂੰ ਵੋਟ ਪਾਉਣੀ ਹੈ, ਉਦੋਂ ਤੁਸੀਂ ਇਹ ਫੈਸਲਾ ਕਰਨ ਵਿੱਚ ਮਦਦ ਕਰ ਰਹੇ ਹੋਵੋਗੇ ਕਿ ਤੁਹਾਡੇ ਭਾਈਚਾਰੇ ਦੀ ਨੁਮਾਇੰਦਗੀ ਕੌਣ ਕਰੇਗਾ ਅਤੇ ਅਜਿਹੇ ਫੈਸਲੇ ਲਵੇਗਾ, ਜੋ ਪੂਰੇ ਸ਼ਹਿਰ ਦੇ ਵਸਨੀਕਾਂ ਨੂੰ ਪ੍ਰਭਾਵਿਤ ਕਰਦੇ ਹਨ।

ਜਦੋਂ ਤੁਸੀਂ ਆਪਣੇ ਬੈਲਟ 'ਤੇ ਨਿਸ਼ਾਨ ਲਗਾ ਲੈਂਦੇ ਹੋ, ਤਾਂ ਤੁਸੀਂ ਇਸਨੂੰ ਆਪਣੇ ਵੋਟਿੰਗ ਸਥਾਨ 'ਤੇ ਦਿੱਤੀਆਂ ਹਦਾਇਤਾਂ ਅਨੁਸਾਰ ਜਮ੍ਹਾਂ ਕਰੋਗੇ। ਬਸ ਇਸ ਤਰ੍ਹਾਂ, ਤੁਸੀਂ ਆਪਣਾ ਪਹਿਲਾ ਮਿਊਨਿਸਿਪਲ ਵੋਟ ਪਾ ਦਿੱਤਾ ਹੈ।

## ਬੈਲਟ ਤੋਂ ਕਿਤੇ ਵੱਧ

ਪਹਿਲੀ ਵਾਰ ਦੇ ਬਹੁਤ ਸਾਰੇ ਵੋਟਰਾਂ ਲਈ, ਇਹ ਖਾਸ ਅਤੇ ਮਹੱਤਵਪੂਰਣ ਅਨੁਭਵ ਹੁੰਦਾ ਹੈ।

ਸ਼ਹਿਰ ਉਨ੍ਹਾਂ ਬਹੁਤ ਸਾਰੀਆਂ ਸੇਵਾਵਾਂ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਦੀ ਵਸਨੀਕ ਹਰ ਰੋਜ਼ ਵਰਤੋਂ ਕਰਦੇ ਹਨ। ਇਸ ਵਿੱਚ ਸੜਕਾਂ, ਪਾਰਕ, ਕਮਿਊਨਿਟੀ ਸੈਂਟਰ, ਲਾਇਬ੍ਰੇਰੀਆਂ ਅਤੇ ਹੋਰ ਸੇਵਾਵਾਂ ਸ਼ਾਮਲ ਹਨ, ਜਿਨ੍ਹਾਂ 'ਤੇ ਵਸਨੀਕ ਨਿਰਭਰ ਕਰਦੇ ਹਨ। ਵੋਟ ਪਾਉਣਾ ਇੱਕ ਤਰੀਕਾ ਹੈ, ਜਿਸ ਨਾਲ ਤੁਸੀਂ ਆਪਣੇ, ਆਪਣੇ ਆਂਢ-ਗੁਆਂਢ ਅਤੇ ਆਪਣੇ ਸ਼ਹਿਰ ਲਈ ਉਨ੍ਹਾਂ ਸੇਵਾਵਾਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੇ ਹੋ।

ਹਰ ਵੋਟ ਕੌਂਸਲ ਦੇ ਉਨ੍ਹਾਂ ਮੈਂਬਰਾਂ ਨੂੰ ਚੁਣ ਕੇ ਭਾਈਚਾਰੇ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ, ਜੋ ਵਸਨੀਕਾਂ ਦੀ ਤਰਫੋਂ ਫੈਸਲੇ ਲੈਂਦੇ ਹਨ।

## ਜਸ਼ਨ ਮਨਾਉਣ ਯੋਗ ਇੱਕ ਉਪਲਬਧੀ

ਜਦੋਂ ਤੁਸੀਂ ਆਪਣੇ ਵੋਟਿੰਗ ਸਥਾਨ ਤੋਂ ਜਾਓਗੇ, ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਹ ਤਜਰਬਾ ਤੁਹਾਡੀ ਉਮੀਦ ਤੋਂ ਵੱਧ ਸੌਖਾ ਸੀ। ਇਸ ਤੋਂ ਵੀ ਮਹੱਤਵਪੂਰਨ, ਤੁਸੀਂ ਇੱਕ ਅਜਿਹੀ ਪ੍ਰਕਿਰਿਆ ਵਿੱਚ ਹਿੱਸਾ ਲਿਆ ਹੈ, ਜੋ Mississauga ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ।

ਤੁਹਾਡਾ ਪਹਿਲਾ ਮਿਊਨਿਸਿਪਲ ਵੋਟ ਸਿਰਫ਼ ਇੱਕ ਕੰਮ ਨੂੰ ਪੂਰਾ ਕਰਨ ਤੋਂ ਕਿਤੇ ਵਧ ਕੇ ਹੈ। ਇਹ ਇੱਕ ਉਪਲਬਧੀ, ਇੱਕ ਨਾਗਰਿਕ ਜ਼ਿੰਮੇਵਾਰੀ ਅਤੇ ਅਜਿਹੇ ਫੈਸਲਿਆਂ ਦਾ ਹਿੱਸਾ ਬਣਨ ਦਾ ਤੁਹਾਡਾ ਮੌਕਾ ਹੈ, ਜੋ ਅੱਜ ਅਤੇ ਆਉਣ ਵਾਲੇ ਸਾਲਾਂ ਲਈ Mississauga ਨੂੰ ਪ੍ਰਭਾਵਿਤ ਕਰਦੇ ਹਨ।

ਹੁਣ ਜਦਕਿ ਤੁਸੀਂ ਆਪਣਾ ਵੋਟ ਪਾ ਲਿਆ ਹੈ, ਤਾਂ ਤੁਸੀਂ ਪਹਿਲੀ ਵਾਰ ਵੋਟ ਪਾਉਣ ਵਾਲੇ ਨਹੀਂ ਰਹੇ। ਤੁਸੀਂ ਲੋਕਲ ਚੋਣਾਂ ਰਾਹੀਂ ਆਪਣੇ ਭਾਈਚਾਰੇ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਵਾਲੇ ਵਸਨੀਕਾਂ ਦੀ ਇੱਕ ਲੰਬੀ ਪਰੰਪਰਾ ਦਾ ਹਿੱਸਾ ਹੋ। ਵੋਟਰ ਯੋਗਤਾ, ਵੋਟਰ ਸੂਚਨਾ ਕਾਰਡਾਂ ਅਤੇ ਸਵੀਕਾਰਯੋਗ ਪਛਾਣ ਪੱਤਰ ਬਾਰੇ ਜਾਣਕਾਰੀ ਲਈ, mississauga.ca/elections 'ਤੇ ਜਾਓ।

ਤੁਹਾਡਾ ਵੋਟ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ Mississauga ਨੂੰ ਬਿਹਤਰ ਬਣਾਉਣ ਵਾਲੇ ਅੱਜ ਦੇ ਅਤੇ ਭਵਿੱਖ ਫੈਸਲਿਆਂ ਵਿੱਚ ਭਾਈਚਾਰੇ ਦੀ ਆਵਾਜ਼ ਨੂੰ ਦਰਸਾਇਆ ਜਾਵੇ।

-30-

## ਮੀਡੀਆ ਸੰਪਰਕ:


Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151